**ਸਰਕਾਰੀ ਕਰਮਚਾਰੀ ਦੇ ਗੁੰਮ ਹੋਣ ਦੀ ਸੂਰਤ ਵਿੱਚ ਪੈਨਸ਼ਨਰੀ ਲਾਭਾ ਲਈ ਸਮਾਂ 7 ਸਾਲ ਤੋਂ ਘਟਾ ਕੇ 1 ਸਾਲ ਕਰਨ ਵਾਲਾ ਪੱਤਰ**

ਨਕਲ ਪੱਤਰ ਨੰ/344/90-2 ਵਿਪ੍ਰ:3/2739 ਮਿਤੀ 27.3.91, ਵਲੋਂ ਪੰਜਾਬ ਸਰਕਾਰ ਵਿਤ ਵਿਭਾਗ (ਵਿ:ਪ੍ਰਸੋਨਲ-ਸਾਖਾ-3) ਵੱਲ ਸਮੂਹ ਵਿਭਾਗ ਦੇ ਮੁੱਖੀ ਆਦਿ।

**ਵਿਸ਼ਾ-ਸਰਕਾਰੀ ਕਰਮਚਾਰੀਆਂ ਦੇ ਗੁੰਮ ਹੋਣ ਦੀ ਸੂਰਤ ਵਿੱਚ ਪੈਨਸ਼ਨਰੀ ਲਾਭ ਦੇਣ ਬਾਰੇ।**

ਸ਼੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਵੱਲ ਧਿਆਨ ਕਰਵਾਉਣ ਅਤੇ ਦੱਸਣ ਦੀ ਹਦਾਇਤ ਹੋਈ ਹੈ ਕਿ ਇਸ ਸਮੇਂ ਪ੍ਰਚਲਤ ਵਿੱਧੀ ਅਨੁਸਾਰ ਜਿਹੜੇ ਕਰਮਚਾਰੀ ਅਚਨਾਕ ਗੁੰਮ ਹੋ ਜਾਂਦੇ ਹਨ ਅਤੇ ਉਹਨਾਂ ਦਾ ਅਤਾ ਪਤਾ ਨਹੀਂ ਮਿਲਦਾ ਉਹਨਾਂ ਦੇ ਵਾਰਸਾ ਨੂੰ 7 ਸਾਲ ਬਾਅਦ ਪੈਨਸ਼ਨ ਤੇ ਹੋਰ ਰਿਟਾਇਰ ਸਬੰਧੀ ਲਾਭ ਦਿੱਤੇ ਜਾਂਦੇ ਹਨ। ਇਹ 7 ਸਾਲ ਬਾਅਦ ਇੰਡੀਅਨ ਐਵਾਰਸਡ ਐਕਟ ਦੀ ਧਾਰਾ 108 ਤੇ ਅਧਾਰਤ ਹੈ। ਇਹ ਸਮਾਂ ਬਹੁਤ ਲੰਮਾ ਹੈ ਅਤੇ ਕਰਮਚਾਰੀ ਫੈਮਲੀ ਮੈਂਬਰਾਂ ਨੂੰ ਬਹੁਤ ਔਕੜਾਂ ਦਾ ਕਾਰਨ ਬਣਦਾ ਹੈ ਇਸ ਸਬੰਧੀ ਭਾਰਤ ਸਰਕਾਰ ਦੀਆਂ ਗਾਈਡ ਲਾਈਂਜ਼ ਜਿਹੜੀਆਂ ਕੇ ਉਹਨਾਂ ਦੇ ਪੱਤਰ ਨੰ. 1-17-87 ਪੀ.ਐਂਡ.ਡਬਲਿਊ.ਪੀ. ਮਿਤੀ 29-8-80 ਵਿੱਚ ਦਿੱਤੀਆਂ ਹਨ ਅਪਨਾਉਂਦੇ ਹੋਏ ਕਾਫੀ ਸੋਚ ਵਿਚਾਰ ਕਰਨ ਉਪਰੰਤ ਪੰਜਾਬ ਸਰਕਾਰ ਨੇ ਇਹ ਫੈਸਲਾ ਲਿਆ ਹੈ ਕਿ-

1. ਜੇਕਰ ਕੋਈ ਸਰਕਾਰੀ ਕਰਮਚਾਰੀ ਗੁੰਮ ਹੋ ਜਾਂਦਾ ਹੈ ਤਾਂ ਕਰਮਚਾਰੀ ਵਲੋਂ ਨੋਮੀਨੇਟ ਕੀਤੇ ਪਰਿਵਾਰ ਦੇ ਮੈਂਬਰ ਨੂੰ ਪਹਿਲਾ ਤਨਖਾਹ ਤੇ ਲੀਵ ਇਨਕੈਸ਼ਮੈਂਟ ਦੀਆਂ ਰਕਮਾਂ ਅਤੇ ਜੀ.ਪੀ.ਫੰਡ ਦੀ ਰਕਮ ਆਦਿ ਦੀ ਅਦਾਇਗੀ ਕਰ ਦੇਣੀ ਚਾਹੀਦੀ ਹੈ।
2. ਇਕ ਸਾਲ ਪੂਰਾ ਹੋਣ ਤੋਂ ਬਾਅਦ ਅਗਲੇ ਪੈਰੇ ਵਿੱਚ ਲਗਾਈਆਂ ਗਈਆਂ ਪੈਨਸ਼ਨ ਸ਼ਰਤਾਂ ਅਨੁਸਾਰ ਗੁੰਮ ਹੋਏ ਕਰਮਚਾਰੀ ਦੇ ਪਰਿਵਾਰ ਨੂੰ ਪਰਿਵਾਰਕ ਲਾਭ ਜਿਵੇਂ ਕਿ ਗਰੈਚੁਟੀ/ਪਰਿਵਾਰਕ ਪੈਨਸ਼ਨ ਆਦਿ ਦਿੱਤੇ ਜਾ ਸਕਦੇ ਹਨ।
3. ਉਪਰੋਕਤ ਪੈਨਸ਼ਨਰੀ ਲਾਭ ਹੇਠ ਲਿੱਖੀਆਂ ਸ਼ਰਤਾਂ ਅਨੁਸਾਰ ਮੰਨਜ਼ੂਰ ਕੀਤੇ ਜਾ ਸਕਦੇ ਹਨ।

   (ੳ) ਸਬੰਧਤ ਕਰਮਚਾਰੀ ਦੇ ਪਰਿਵਾਰ ਵਲੋਂ ਸਬੰਧਤ ਇਲਾਕੇ ਨਾਲ ਲਗਦੇ ਥਾਣੇ/ ਪੁਲਿਸ ਸਟੇਸ਼ਨ ਵਿੱਚ ਕਰਮਚਾਰੀ ਦੇ ਗੁੰਮ ਹੋਣ ਦੀ ਰਿਪੋਰਟ ਦਰਜ ਕਰਵਾਈ ਗਈ ਹੋਵੇ ਅਤੇ ਇਹੀ ਰਿਪੋਰਟ ਪੁਲਿਸ ਕੋਲੋਂ ਪ੍ਰਾਪਤ ਕੀਤੀ ਜਾਵੇ ਕਿ ਕਾਫੀ ਕੋਸ਼ਿਸ਼ ਕਰਨ ਦੇ ਬਾਵਯੂਦ ਵੀ ਪੁਲਿਸ ਵਲੋਂ ਗਵਾਚੇ ਕਰਮਚਾਰੀ ਦੀ ਭਾਲ ਨਹੀਂ ਹੋਈ।

   (ਅ) ਕਰਮਚਾਰੀ ਦੇ ਪਰਿਵਾਰ ਵਿਚ ਨਿਰਭਰ ਹੋਣ ਵਾਲੇ/ ਨੋਮੀਨੇਟ ਕੀਤੇ ਮੈਂਬਰ ਪਾਸ ਅੰਡਮਨੀਟੀ ਬਾਂਡ ਲਿਆ ਜਾਵੇ ਕਿ ਜੇਕਰ ਗੁੰਮ ਹੋਇਆ ਕਰਮਚਾਰੀ ਲੱਭ ਜਾਂਦਾ ਹੈ ਜਾਂ ਕਿਸੇ ਵੀ ਸੂਰਤ ਵਿੱਚ ਉਹ ਆਪਣੀ ਬਕਾਇਆ ਤਨਖਾਹ ਆਦਿ ਦੀਆਂ ਰਕਮਾ ਦਾ ਕਲੇਮ ਮੰਗਦਾ ਹੈ ਤਾਂ ਪੈਨਸ਼ਨਰੀ ਲਾਭ ਦੀਆਂ ਦਿੱਤੀਆਂ ਗਈਆਂ ਸਾਰੀਆਂ ਰਕਮਾਂ ਅਡਜਸਟ ਕਰਵਾਈਆਂ ਜਾਣਗੀਆਂ।
4. ਵਿਭਾਗ/ ਦਫਤਰ ਦੇ ਮੁਖੀਆਂ ਨੂੰ ਇਹ ਜਾਇਜਾ (ਅਸੈਸ ਕਰਨਾ) ਲੈਣਾ ਹੋਵੇਗਾ ਕਿ ਕਰਮਚਾਰੀ ਵੱਲ ਬਾਕੀ ਰਹਿੰਦੇ ਸਰਕਾਰ ਦੇ ਸਾਰੇ ਡਿਊਜ ਦੀ ਰਿਕਵਰੀ ਰੂਲਾਂ ਹਦਾਇਤਾਂ ਅਨੁਸਾਰ ਕਰ ਲਈ ਹੈ।
5. ਪਰਿਵਾਰਕ ਪੈਨਸ਼ਨ ਅਤੇ ਗਰੈਚਟੀ ਦੀ ਮੰਜ਼ੂਰੀ ਲਈ ਸਬੰਧਤ ਕਰਮਚਾਰੀ ਦਾ ਪਰਿਵਾਰ ਕਰਮਚਾਰੀ ਦੇ ਗੁੰਮ ਹੋਣ ਤੇ ਇਕ ਸਾਲ ਬਾਅਦ ਵਿਭਾਗ/ ਦਫਤਰ ਦੇ ਮੁਖੀ ਨੂੰ ਨਿਰਧਾਰਤ ਫਾਰਮ ਵਿੱਚ ਬਿਨੈਪੱਤਰ ਦੇ ਸਕਦਾ ਹੈ। ਬਿਨੈਕਾਰ ਵਲੋਂ ਦਫਤਰ ਵਿੱਚ ਦਿੱਤੀ ਜਾਣ ਵਾਲੀ ਅਰਜੀ/ਬਿਨੈ-ਪੱਤਰ ਦੀ ਮਿਤੀ ਤੋਂ 3 ਮਹੀਨੇ ਅੰਦਰ ਵਿਭਾਗ ਵਲੋਂ ਬਿਨੈਕਾਰ ਨੂੰ ਗਰੈਚਟੀ ਨਾ ਦੇਣ ਦੀ ਸੂਰਤ ਵਿੱਚ ਵਿਭਾਗ/ਦਫਤਰ ਵਲੋਂ ਸਮੇਂ ਸਿਰ ਲਾਗੂ ਹੋਣ ਵਾਲੀ ਵਿਆਜ ਦੀ ਦਰ ਨਾਲ, ਵਿਆਜ ਦੀ ਅਦਾਇਗੀ ਵੀ ਕਰਨੀ ਪਵੇਗੀ ਅਤੇ ਗਰੈਚਟੀ ਦੀ ਅਦਾਇਗੀ ਦੇਰ ਨਾਲ ਕਰਨ ਵਾਲੇ ਸਬੰਧਤ ਕਰਮਚਾਰੀ/ ਅਧਿਕਾਰੀ ਦੇ ਵਿਰੁਧ ਜਿੰਮੇਵਾਰੀ ਮਿੱਥ ਕੇ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇਗੀ।

ਬੇਨਤੀ ਕੀਤੀ ਜਾਂਦੀ ਹੈ ਕਿ ਇਹ ਹਦਾਇਤਾਂ ਸਾਰੇ ਸਬੰਧਤਾਂ ਦੇ ਨੋਟਿਸ ਵਿੱਚ ਲਿਆ ਦਿੱਤੀਆਂ ਜਾਣ।

ਵਿਸ਼ਵਾਸ਼ ਪਾਤਰ
ਸਹੀ/-
ਤੀਰਥ ਸਿੰਘ
ਅਧੀਨ ਸਕੱਤਰ ਵਿਤ ਤ)